ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ

# ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225 ਈ-227 ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com

ਸੇਵਾ ਵਿਖੇ,

1. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਬਠਿੰਡਾ।
2. ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਬਠਿੰਡਾ।

**ਪੱਤਰ ਨੰਬਰ:** ....247.......... **ਮਿਤੀ:** ਬਠਿੰਡਾ / 06-05-2026

**ਵਿਸ਼ਾ:** **ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲੇ-2026 ਲਈ ਐਂਟਰੀਆਂ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਅਤੇ ਰਾਜ ਪੱਧਰੀ ਕੁਇਜ਼ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਮੁਕਾਬਲੇ ਜ਼ਿਲ੍ਹਾ ਪੱਧਰ 'ਤੇ ਮਹੀਨਾ ਅਕਤੂਬਰ-2026 ਵਿੱਚ ਕਰਵਾਏ ਜਾਣਗੇ। ਇਸ ਸਬੰਧੀ ਜ਼ਿਲ੍ਹਾ ਬਠਿੰਡਾ ਦੀਆਂ ਸਮੂਹ ਵਿੱਦਿਅਕ ਸੰਸਥਾਵਾਂ (ਸਰਕਾਰੀ/ਏਡਿਡ/ਪ੍ਰਾਈਵੇਟ) ਨੂੰ ਮਿਤੀ **20-07-2026** ਤੱਕ ਇਸ ਦਫ਼ਤਰ ਦੀ ਈਮੇਲ ਆਈ.ਡੀ. **dlobathinda520@gmail.com** 'ਤੇ ਐਂਟਰੀਆਂ ਭੇਜਣ ਲਈ ਲਿਖ ਦਿੱਤਾ ਜਾਵੇ, ਤਾਂ ਜੋ ਮੁੱਖ ਦਫ਼ਤਰ ਨੂੰ ਸੂਚਿਤ ਕਰਕੇ ਇਨ੍ਹਾਂ ਐਂਟਰੀਆਂ ਅਨੁਸਾਰ ਪ੍ਰਸ਼ਨ-ਪੱਤਰ ਤਿਆਰ ਕਰਵਾਏ/ਛਪਵਾਏ ਜਾ ਸਕਣ। ਇਹ ਵੀ ਲਿਖਿਆ ਜਾਂਦਾ ਹੈ ਕਿ ਐਂਟਰੀ ਭੇਜਣ ਸਮੇਂ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਮਾਤਾ ਦਾ ਨਾਂ, ਸਕੂਲ ਦਾ ਨਾਂ, ਸ਼੍ਰੇਣੀ, ਜਨਮ ਮਿਤੀ ਅਤੇ ਮੁਕਾਬਲਿਆਂ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕ ਦਾ ਟੈਲੀਫ਼ੋਨ ਨੰਬਰ ਜ਼ਰੂਰ ਦਰਜ ਕੀਤਾ ਜਾਵੇ (ਪ੍ਰੋਫ਼ਾਰਮਾ ਨੱਥੀ)। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਹੀ ਰਾਜ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲੈ ਸਕਣਗੇ। ਇਨ੍ਹਾਂ ਮੁਕਾਬਲਿਆਂ ਦੇ ਨਿਯਮਾਂ ਦੀ ਕਾਪੀ ਵੀ ਨੱਥੀ ਕਰਕੇ ਭੇਜੀ ਜਾ ਰਹੀ ਹੈ। ਇਹ ਐਂਟਰੀਆਂ ਵੱਧ ਤੋਂ ਵੱਧ ਗਿਣਤੀ ਵਿੱਚ ਪ੍ਰਾਪਤ ਕਰਕੇ, ਨਾਲ ਨੱਥੀ ਫ਼ਾਰਮੈਟ ਅਨੁਸਾਰ ਕੇਵਲ ਐਕਸਲ ਸ਼ੀਟ ਵਿੱਚ ਹੀ ਭਰ ਕੇ ਭੇਜੀਆਂ ਜਾਣ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਸੂਚਨਾ ਸਿਰਫ਼ ਪੰਜਾਬੀ ਭਾਸ਼ਾ (ਯੂਨੀਕੋਡ/ਰਾਵੀ ਫ਼ੌਂਟ) ਵਿੱਚ ਹੀ ਹੋਵੇ ਅਤੇ ਫਾਰਮੈਟ ਵਿੱਚ ਕੋਈ ਫ਼ੇਰਬਦਲ ਨਾ ਕੀਤਾ ਜਾਵੇ। ਅਕਸਰ ਦੇਖਣ ਵਿੱਚ ਆਇਆ ਹੈ ਕਿ ਸਕੂਲ ਮੁਖੀ ਐਂਟਰੀਆਂ ਫ਼ੋਟੋ ਰੂਪ (PDF/Image) ਵਿੱਚ ਜਾਂ ਫ਼ੌਂਟ ਬਦਲ ਕੇ ਭੇਜਦੇ ਹਨ, ਜਿਸ ਨਾਲ ਡਾਟਾ ਕੰਪਾਈਲ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਕਿਰਪਾ ਕਰਕੇ ਸਮੂਹ ਸੰਸਥਾਵਾਂ ਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਕੀਤਾ ਜਾਵੇ ਜੀ।

**ਨੱਥੀ:** ਕੁਇਜ਼ ਮੁਕਾਬਲੇ ਦੀ ਨਿਯਮਾਂ ਦੀ ਕਾਪੀ ਅਤੇ ਐਕਸਲ ਸ਼ੀਟ ਪ੍ਰੋਫ਼ਾਰਮਾ।

(ਕਿਰਪਾਲ ਸਿੰਘ)
ਜ਼ਿਲ੍ਹਾ ਭਾਸ਼ਾ ਅਫ਼ਸਰ
ਬਠਿੰਡਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

ਪਿੱਠ ਅੰਕਣ ਨੰ ਈ-6/2026/6024 ਮਿਤੀ 07/05/2026

ਉਪਰੋਕਤ ਅਨੁਸਾਰ ਵਿਸ਼ੇ ਦੇ ਸਬੰਧ ਵਿੱਚ ਜ਼ਿਲ੍ਹੇ ਦੇ ਸਮੂਹ ਸਰਕਾਰੀ/ਪ੍ਰਾਈਵੇਟ/ਏਡਿਡ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੁਇਜ਼ ਮੁਕਾਬਲੇ 2026 ਲਈ ਮਿਤੀ 20-07-2026 ਤੱਕ ਪੱਤਰ ਵਿੱਚ ਦਿੱਤੀ ਈ.ਮੇਲ ਆਈ.ਡੀ. ਤੇ ਐਂਟਰੀਆਂ ਭੇਜੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ।

07/05/26

ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ 07/05/26

E:\ਚਿੱਠੀ ਪੱਤਰ ਬਠਿੰਡਾ 2026.docx

# ਕੁਇਜ਼ ਮੁਕਾਬਲੇ ਲਈ ਨਿਯਮ (ਜ਼ਿਲ੍ਹਾ ਪੱਧਰ/ਰਾਜ ਪੱਧਰ)

**ਜ਼ਿਲ੍ਹਾ ਪੱਧਰ ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਦੇ ਨਿਯਮ**

1.ਇਹ ਕੁਇਜ਼ ਮੁਕਾਬਲਾ ਤਿੰਨ ਵਰਗਾਂ ਵਿਚ ਹੋਵੇਗਾ :
(ੳ) ਅੱਠਵੀਂ ਸ਼੍ਰੇਣੀ ਤੱਕ (ਅ) ਨੌਵੀਂ ਤੋਂ 10+2 ਤੱਕ(ੲ)ਬੀ. ਏ./ ਬੀ. ਕਾਮ/ਬੀ. ਐੱਸਸੀ ਅਤੇ ਬੀ.ਸੀ.ਏ (ਗ੍ਰੈਜੂਏਸ਼ਨ) ਤੱਕ

2.**ਫੀਸ** :ਇਸ ਮੁਕਾਬਲੇ ਵਿਚ ਭਾਗ ਲੈਣ ਲਈ ਕੋਈ ਐਂਟਰੀ ਫੀਸ ਨਹੀਂ ਹੋਵੇਗੀ।

3.**ਯੋਗਤਾ** :ਭਾਗ ਲੈਣ ਵਾਲੇ ਵਿਦਿਆਰਥੀ ਲਈ ਆਪਣੀ ਸ਼੍ਰੇਣੀ ਅਤੇ ਜਨਮ ਮਿਤੀ ਸਬੰਧੀ ਸਰਟੀਫਿਕੇਟ ਵਿਦਿਅਕ ਸੰਸਥਾ ਦੇ ਮੁਖੀ ਤੋਂ ਲੈ ਕੇ ਆਉਣਾ ਜ਼ਰੂਰੀ ਹੈ।ਇਸ ਤੋਂ ਬਿਨਾਂ ਵਿਦਿਆਰਥੀ ਮੁਕਾਬਲੇ ਵਿਚ ਭਾਗ ਨਹੀਂ ਲੈ ਸਕੇਗਾ।

4.ਹਰ ਵਰਗ ਵਿਚ ਇਕ ਸੰਸਥਾ ਵੱਧ ਤੋਂ ਵੱਧ ਦੋ ਵਿਦਿਆਰਥੀ ਹੀ ਭੇਜ ਸਕਦੀ ਹੈ।

5.**ਵਿਸ਼ਾ** :ਕੁਇਜ਼ ਮੁਕਾਬਲੇ ਵਿਚ ਵਿੱਦਿਆਰਥੀ ਤੋਂ ਪੰਜਾਬੀ ਸਾਹਿਤ, ਧਰਮ, ਭਾਸ਼ਾ, ਸ਼ਖ਼ਸੀਅਤਾਂ,ਸਭਿਆਚਾਰ, ਇਤਿਹਾਸ ਅਤੇ ਭੂਗੋਲ ਨਾਲ ਸਬੰਧਤ ਪ੍ਰਸ਼ਨ ਪੁੱਛੇ ਜਾਣਗੇ।

6.ਇਹ ਮੁਕਾਬਲਾ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਕਰਵਾਇਆ ਜਾਵੇਗਾ।

7.ਜ਼ਿਲ੍ਹਾ ਪੱਧਰ 'ਤੇ ਲਿਖਤੀ ਮੁਕਾਬਲਾ ਕਰਵਾਇਆ ਜਾਵੇਗਾ ਜਿਸ ਵਿਚ 100 ਪ੍ਰਸ਼ਨ ਹੋਣਗੇ। ਹਰ ਵਰਗ ਵਿਚ ਉੱਤਰ ਸ਼ੀਟਾਂ ਦਾ ਨੈਗੇਟਿਵ ਮਾਰਕਿੰਗ ਦੇ ਆਧਾਰ ਤੇ ਮੁਲਾਂਕਣ ਕੀਤਾ ਜਾਵੇਗਾ। ਗ਼ਲਤ ਉੱਤਰ ਲਈ ਨੈਗੇਟਿਵ ਸਕੋਰ 25% ਹੋਵੇਗਾ। ਜਿਸ ਪ੍ਰਸ਼ਨ ਦੇ ਖ਼ਾਨੇ ਖਾਲੀ ਛੱਡੇ ਜਾਣਗੇ ਉਸ ਪ੍ਰਸ਼ਨ ਨੂੰ ਵੀ ਗ਼ਲਤ ਉੱਤਰ ਮੰਨਿਆ ਜਾਵੇਗਾ।ਇਸ ਲਈ ਖਾਲੀ ਛੱਡੇ ਖਾਨਿਆਂ ਵਿਚ ਕਰਾਸ (X) ਦਾ ਨਿਸ਼ਾਨ ਲਗਾਉਣਾ ਜ਼ਰੂਰੀ ਹੈ।

8.ਕੁਇਜ਼ ਮੁਕਾਬਲੇ ਲਈ ਉੱਤਰ ਸ਼ੀਟਾਂ ਵਿਭਾਗ ਵੱਲੋਂ ਜਾਰੀ ਕੀਤੀਆਂ ਜਾਣਗੀਆਂ।

9.ਜ਼ਿਲ੍ਹਾ ਪੱਧਰ 'ਤੇ ਹੋਣ ਵਾਲਾ ਲਿਖਤੀ ਮੁਕਾਬਲਾ ਜ਼ਿਲ੍ਹੇ ਦੇ ਸਦਰ ਮੁਕਾਮ 'ਤੇ ਕਰਵਾਇਆ ਜਾਵੇਗਾ ਅਤੇ ਇਹ ਸਬੰਧਤ ਜ਼ਿਲ੍ਹੇ ਦਾ ਜ਼ਿਲ੍ਹਾ ਭਾਸ਼ਾ ਅਫ਼ਸਰ ਜਾਂ ਵਿਭਾਗ ਵੱਲੋਂ ਨਿਸ਼ਚਿਤ ਕੀਤਾ ਕੋਈ ਅਫ਼ਸਰ ਕਰਵਾਏਗਾ।

10.ਜੇਕਰ ਕਿਸੇ ਇਨਾਮ ਵਿਚ ਇਕ ਤੋਂ ਵੱਧ ਵਿਦਿਆਰਥੀ ਇਨਾਮ ਲਈ ਬਰਾਬਰ ਹੋ ਜਾਂਦੇ ਹਨ ਤਾਂ ਉਨ੍ਹਾਂ ਵਿੱਚੋਂ ਛੋਟੀ ਜਮਾਤ ਦੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ। ਜੇਕਰ ਫਿਰ ਵੀ ਇੱਕ ਹੀ ਜਮਾਤ ਦੇ ਵਿਦਿਆਰਥੀ ਬਰਾਬਰ ਹੋ ਜਾਣ ਤਾਂ ਉਨ੍ਹਾਂ ਵਿੱਚੋਂ ਛੋਟੀ ਉਮਰ ਦੇ ਵਿਦਿਆਰਥੀ ਨੂੰ ਹੀ ਇਨਾਮ ਦਿੱਤਾ ਜਾਵੇਗਾ।

11.ਜ਼ਿਲ੍ਹਾ ਪੱਧਰ 'ਤੇ ਮੁਕਾਬਲੇ ਵਿਚ ਭਾਗ ਲੈਣ ਲਈ ਐਂਟਰੀਆਂ ਆਪਣੇ ਜ਼ਿਲ੍ਹੇ ਦੇ ਸਬੰਧਤ ਜ਼ਿਲ੍ਹਾ ਭਾਸ਼ਾ ਅਫ਼ਸਰ ਕੋਲ ਭੇਜੀਆਂ ਜਾਣ। ਚੰਡੀਗੜ੍ਹ ਲਈ ਐਂਟਰੀਆਂ ਪੰਜਾਬੀ ਸੈੱਲ, ਮਿੰਨੀ ਸਕੱਤਰੇਤ, ਸੈਕਟਰ-9 ਬੀ, ਵਿਖੇ ਦਿੱਤੀਆਂ ਜਾਣ। ਮੁੱਖ ਦਫ਼ਤਰ ਵੱਲੋਂ ਨਿਸ਼ਚਿਤ ਕੀਤੀ ਮੁਕਾਬਲੇ ਦੀ ਮਿਤੀ ਬਾਰੇ ਸੂਚਨਾ ਸਬੰਧਤ ਜ਼ਿਲ੍ਹਾ ਭਾਸ਼ਾ ਅਫ਼ਸਰ ਦੁਆਰਾ ਦਿੱਤੀ ਜਾਵੇਗੀ।

12.ਜ਼ਿਲ੍ਹਾ ਪੱਧਰ 'ਤੇ ਹਰ ਵਰਗ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਹੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ। ਰਾਜ ਪੱਧਰ ਦਾ ਮੁਕਾਬਲਾ ਮੌਖਿਕ ਅਤੇ ਵਿਅਕਤੀਗਤ ਹੋਵੇਗਾ।

13.**ਰਾਜ ਪੱਧਰ 'ਤੇ ਹੋਣ ਵਾਲੇ ਕੁਇਜ਼ ਮੁਕਾਬਲੇ ਲਈ ਨਿਯਮ :**

(ੳ) ਇਹ ਕੁਇਜ਼ ਮੁਕਾਬਲਾ ਮੌਖਿਕ ਰੂਪ ਵਿਚ ਹੋਵੇਗਾ।

(ਅ) ਸਾਰੇ ਵਿਦਿਆਰਥੀਆਂ ਤੋਂ ਬਰਾਬਰ-ਬਰਾਬਰ ਪ੍ਰਸ਼ਨ ਪੁੱਛੇ ਜਾਣਗੇ।

(ੲ) ਹਰ ਪ੍ਰਸ਼ਨ ਦੇ 2 ਨੰਬਰ ਹੋਣਗੇ।

(ਸ) ਪ੍ਰਸ਼ਨ ਪੁੱਛੇ ਜਾਣ ਵਾਲੇ ਵਿਦਿਆਰਥੀ ਵੱਲੋਂ ਜੇਕਰ ਉੱਤਰ ਨਾ ਮਿਲਿਆ ਤਾਂ ਉਹੀ ਪ੍ਰਸ਼ਨ ਅਗਲੇ ਵਿਦਿਆਰਥੀ ਤੋਂ ਪੁੱਛਿਆ ਜਾਵੇਗਾ ਅਤੇ ਠੀਕ ਉੱਤਰ 'ਤੇ ਉਸ ਨੂੰ ਇਕ ਨੰਬਰ ਦਿੱਤਾ ਜਾਵੇਗਾ ਪਰ ਉਸ ਦੇ ਹਿੱਸੇ ਦਾ ਸਵਾਲ ਉਸ ਨੂੰ ਮੁੜ ਪੁੱਛਿਆ ਜਾਵੇਗਾ।

(ਹ) ਉੱਤਰ ਦੇਣ ਲਈ 20 ਸਕਿੰਟ ਦਾ ਸਮਾਂ ਹੋਵੇਗਾ। ਨਿਰਧਾਰਤ ਸਮੇਂ ਵਿਚ ਉੱਤਰ ਨਾ ਮਿਲਣ 'ਤੇ ਉਹੀ ਪ੍ਰਸ਼ਨ ਅਗਲੇ ਵਿਦਿਆਰਥੀ ਨੂੰ ਪੁੱਛਿਆ ਜਾਵੇਗਾ।

(ਕ) ਪ੍ਰਸ਼ਨਾਂ ਦੀ ਗਿਣਤੀ ਵਿਚ ਅਦਲਾ-ਬਦਲੀ ਕਰਨ ਦਾ ਅਧਿਕਾਰ ਕੁਇਜ਼ ਮਾਸਟਰ ਨੂੰ ਹੋਵੇਗਾ।

14. ਇਨਾਮ :1 ਜ਼ਿਲ੍ਹਾ ਪੱਧਰ ਦੇ ਇਨਾਮ :

| | ਪਹਿਲਾ | ਦੂਜਾ | ਤੀਜਾ |
|---|---|---|---|
| ਗਰੁੱਪ (ੳ) | 1000/- | 750/- | 500/- |
| ਗਰੁੱਪ (ਅ) | 1000/- | 750/- | 500/- |
| ਗਰੁੱਪ (ੲ) | 1000/- | 750/- | 500/- |

ਜ਼ਿਲ੍ਹਾ ਪੱਧਰ 'ਤੇ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

2.ਰਾਜ ਪੱਧਰ ਦੇ ਇਨਾਮ :

| | ਪਹਿਲਾ | ਦੂਜਾ | ਤੀਜਾ |
|---|---|---|---|
| ਗਰੁੱਪ (ੳ) | 2000/- | 1500/- | 1000/- |
| ਗਰੁੱਪ (ਅ) | 2000/- | 1500/- | 1000/- |
| ਗਰੁੱਪ (ੲ) | 2000/- | 1500/- | 1000/- |

ਰਾਜ ਪੱਧਰ 'ਤੇ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਨਕਦ ਜਾਂ ਵਿਭਾਗੀ ਪੁਸਤਕਾਂ ਦੇ ਰੂਪ ਵਿਚ ਦਿੱਤੇ ਜਾਣਗੇ। ਇਨਾਮ ਤੋਂ ਇਲਾਵਾ ਸਰਟੀਫਿਕੇਟ ਵੀ ਦਿੱਤੇ ਜਾਣਗੇ।

15.ਇਨ੍ਹਾਂ ਮੁਕਾਬਲਿਆਂ ਵਿਚ ਵਿਭਾਗੀ ਅਧਿਕਾਰੀਆਂ/ ਕਰਮਚਾਰੀਆਂ ਦੇ ਬੱਚੇ ਭਾਗ ਨਹੀਂ ਲੈ ਸਕਦੇ।

16.ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ।

17.ਵਿਦਿਆਰਥੀ ਵੱਲੋਂ ਗਲਤ ਜਾਣਕਾਰੀ/ਨਿਯਮਾਂ ਦੀ ਉਲੰਘਣਾ ਕਰਨ ਤੋਂ ਉਸਦੀ ਐਂਟਰੀ ਰੱਦ ਕਰਨ ਦਾ ਹੱਕ ਵਿਭਾਗ ਨੂੰ ਹੋਵੇਗਾ। ਇਸ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦਾ ਫੈਸਲਾ ਅੰਤਿਮ ਹੋਵੇਗਾ।

18.ਇਨ੍ਹਾਂ ਨਿਯਮਾਂ ਵਿਚ ਕਿਸੇ ਵੀ ਸਮੇਂ ਕੋਈ ਵੀ ਸੋਧ ਕਰਨ ਦਾ ਅਧਿਕਾਰ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਨੂੰ ਹੋਵੇਗਾ।

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵੱਲੋਂ ਕਰਵਾਏ ਜਾਣ ਵਾਲੇ ਕੁਇਜ਼ ਮੁਕਾਬਲਿਆਂ ਲਈ ਐਂਟਰੀ ਫਾਰਮ

| ਲੜੀ ਨੰ: | ਵਿਦਿਆਰਥੀ ਦਾ ਨਾਂ | ਸਕੂਲ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਸ਼੍ਰੇਣੀ | ਜਨਮ ਮਿਤੀ | ਫੋਨ ਨੰਬਰ | ਵਰਗ | ਸਕੂਲ ਦੀ ਈ-ਮੇਲ |
|---|---|---|---|---|---|---|---|---|---|
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |

ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ